BCFSA BC Financial Services Authority

# ਸਟਰੈਟਾ ਕਾਰਪੋਰੇਸ਼ਨਾਂ ਲਈ ਰਕਮਾਂ ਅਤੇ ਫਾਇਦਿਆਂ ਨੂੰ ਦੱਸਣ ਬਾਰੇ ਜਾਣਕਾਰੀ

**ਬੀ ਸੀ ਫਾਈਨੈਂਸ਼ਿਅਲ ਸਰਵਿਸਜ਼ ਅਥਾਰਟੀ** ਕਾਨੂੰਨ ਵੱਲੋਂ ਸਥਾਪਤ ਕੀਤੀ ਗਈ ਨਿਯਮ ਲਾਗੂ ਕਰਨ ਵਾਲੀ ਏਜੰਸੀ ਹੈ ਜਿਹੜੀ ਇਹ ਯਕੀਨੀ ਬਣਾਉਣ ਲਈ ਕੰਮ ਕਰਦੀ ਹੈ ਕਿ ਰੀਅਲ ਇਸਟੇਟ ਪ੍ਰੋਫੈਸ਼ਨਲਜ਼ ਕੋਲ ਤੁਹਾਨੂੰ ਉੱਚ ਪੱਧਰ ਦੀਆਂ ਸੇਵਾਵਾਂ ਦੇਣ ਲਈ ਯੋਗਤਾਵਾਂ ਅਤੇ ਗਿਆਨ ਹੋਵੇ। ਸਾਰੇ ਰੀਅਲ ਇਸਟੇਟ ਪ੍ਰੋਫੈਸ਼ਨਲਜ਼ ਲਈ ਉਹਨਾਂ ਨਿਯਮਾਂ ਦੀ ਪਾਲਣਾ ਕਰਨਾ ਜ਼ਰੂਰੀ ਹੈ ਜੋ ਤੁਹਾਡੇ ਵਰਗੇ ਖਪਤਕਾਰਾਂ ਦੀ ਸੁਰੱਖਿਆ ਕਰਦੇ ਹੋਣ। ਅਸੀਂ ਰੀਅਲ ਇਸਟੇਟ ਦੇ ਇਕ ਖਪਤਕਾਰ ਵੱਜੋਂ ਆਪਣੇ ਹੱਕਾਂ ਬਾਰੇ ਜਾਣਕਾਰੀ ਲੈਣ ਵਿੱਚ ਤੁਹਾਡੀ ਮਦਦ ਕਰਨ ਲਈ ਇੱਥੇ ਹਾਜ਼ਰ ਹਾਂ।

**ਆਪਣੀ ਜਾਣਕਾਰੀ ਲਈ ਜਾਣਕਾਰੀ ਵਾਲੇ ਇਸ ਸਫੇ ਨੂੰ ਆਪਣੇ ਕੋਲ ਰੱਖੋ।**

## ਤੁਹਾਡੀ ਸਟਰੈਟਾ ਕਾਰਪੋਰੇਸ਼ਨ ਨੂੰ ਸੇਵਾਵਾਂ ਦੇਣ ਵਾਲੇ ਸਟਰੈਟਾ ਮੈਨੇਜਰ ਦਾ ਫਰਜ਼ ਬਣਦਾ ਹੈ ਕਿ ਉਹ ਤੁਹਾਨੂੰ ਲਿਖਤੀ ਰੂਪ ਵਿੱਚ ਦੱਸੇ ਕਿ ਕੀ ਸਿੱਧੇ ਜਾਂ ਅਸਿੱਧੇ ਰੂਪ ਵਿੱਚ:

- ਸਟਰੈਟਾ ਮੈਨੇਜਰ ਜਾਂ ਸਟਰੈਟਾ ਮੈਨੇਜਮੈਂਟ ਕੰਪਨੀ ਨੂੰ ਤੁਹਾਡੀ ਸਟਰੈਟਾ ਕਾਰਪੋਰੇਸ਼ਨ ਤੋਂ ਬਿਨਾਂ ਕਿਸੇ ਹੋਰ ਕੋਲੋਂ ਕੋਈ ਰਕਮ (ਪੇਮੈਂਟ) ਮਿਲ ਰਹੀ ਹੈ ਜਾਂ ਕੋਈ ਰਕਮ (ਪੇਮੈਂਟ) ਮਿਲਣ ਦੀ ਉਮੀਦ ਹੈ; ਅਤੇ ਜਾਂ
- ਸਟਰੈਟਾ ਮੈਨੇਜਰ ਜਾਂ ਸਟਰੈਟਾ ਮੈਨੇਜਮੈਂਟ ਕੰਪਨੀ (ਜਾਂ ਕਿਸੇ ਸਹਿਯੋਗੀ) ਨੂੰ ਤੁਹਾਡੀ ਸਟਰੈਟਾ ਕਾਰਪੋਰੇਸ਼ਨ ਦੀ ਥਾਂ 'ਤੇ ਖਰਚਾ ਕਰਨ ਲਈ ਕੋਈ ਫਾਇਦਾ (ਜਿਵੇਂ ਕਿ ਵਿੱਤੀ ਲਾਭ) ਹੋ ਰਿਹਾ ਹੈ ਜਾਂ ਕੋਈ ਫਾਇਦਾ ਹੋਣ ਦੀ ਉਮੀਦ ਹੈ।

ਦੱਸੀ ਗਈ ਜਾਣਕਾਰੀ (ਡਿਸਕਲੋਜ਼ਰ) ਵਿੱਚ:

- ਰਕਮ ਜਾਂ ਫਾਇਦੇ ਦੇ ਸ੍ਰੋਤ ਬਾਰੇ ਜਾਣਕਾਰੀ ਸ਼ਾਮਲ ਹੋਵੇਗੀ;
- ਰਕਮ ਦੀ ਮਾਤਰਾ ਜਾਂ ਫਾਇਦੇ ਦੀ ਕਿਸਮ ਜਾਂ ਸੰਭਾਵੀ ਮਾਤਰਾ ਜਾਂ ਹਿਸਾਬ ਲਾਉਣ ਦੇ ਢੰਗ ਬਾਰੇ ਜਾਣਕਾਰੀ ਸ਼ਾਮਲ ਹੋਵੇਗੀ;
- ਰਕਮ ਜਾਂ ਫਾਇਦੇ ਨਾਲ ਸੰਬੰਧਿਤ ਕੋਈ ਵੀ ਜਾਣਕਾਰੀ ਸ਼ਾਮਲ ਹੋਵੇਗੀ।

ਤੁਹਾਡਾ ਸਟਰੈਟਾ ਮੈਨੇਜਰ ਤੁਹਾਨੂੰ ਇਨ੍ਹਾਂ ਰਕਮਾਂ ਅਤੇ/ਜਾਂ ਫਾਇਦਿਆਂ ਬਾਰੇ ਦੱਸਣ **ਲਈ ਡਿਸਕਲੋਜ਼ਰ ਆਫ ਰੀਮਿਊਨਰੇਸ਼ਨ (ਪੇਮੈਂਟਸ ਐਂਡ ਬੈਨੀਫਿਟਸ): ਸਟਰੈਟਾ ਮੈਨੇਜਮੈਂਟ ਸਰਵਿਸਜ਼** ਨਾਂ ਦੇ ਫਾਰਮ ਦੀ ਵਰਤੋਂ ਕਰ ਸਕਦਾ ਹੈ। ਇਸ ਫਾਰਮ ਵਿੱਚ ਸਟਰੈਟਾ ਮੈਨੇਜਰ ਲਈ ਰਕਮਾਂ ਜਾਂ ਫਾਇਦਿਆਂ ਦਾ ਕੁੱਲ ਸਾਲਾਨਾ ਜੋੜ (ਜਾਂ ਅੰਦਾਜ਼ਾ) ਦੱਸਣ ਲਈ ਥਾਂ ਹੁੰਦੀ ਹੈ। ਇਸ ਤੋਂ ਤੁਹਾਡੀ ਸਟਰੈਟਾ ਕਾਰਪੋਰੇਸ਼ਨ ਨੂੰ, ਸਟਰੈਟਾ ਮੈਨੇਜਮੈਂਟ ਕੰਪਨੀ ਨੂੰ ਹਰ ਸਾਲ ਮਿਲਣ ਵਾਲੀਆਂ ਰਕਮਾਂ ਜਾਂ ਫਾਇਦਿਆਂ ਦੇ ਵੱਖ ਵੱਖ ਸ੍ਰੋਤਾਂ ਬਾਰੇ ਸਮਝਣ ਵਿੱਚ ਮਦਦ ਮਿਲੇਗੀ। **ਘੱਟੋ ਘੱਟ** ਪੱਧਰ 'ਤੇ ਸਾਲ ਵਿੱਚ ਮਿਲਣ ਵਾਲੀਆਂ ਅਨੁਮਾਨਿਤ ਰਕਮਾਂ ਜਾਂ ਫਾਇਦਿਆਂ ਬਾਰੇ ਤੁਹਾਨੂੰ ਇਹ ਜਾਣਕਾਰੀ (ਡਿਸਕਲੋਜ਼ਰ) ਸਾਲ ਦੇ ਸ਼ੁਰੂ ਵਿੱਚ ਮਿਲਣੀ ਚਾਹੀਦੀ ਹੈ ਅਤੇ ਫਿਰ ਸਾਲ ਦੇ ਅੰਤ 'ਤੇ ਅਸਲ ਵਿੱਚ ਮਿਲੀਆਂ ਰਕਮਾਂ ਜਾਂ ਫਾਇਦਿਆਂ ਬਾਰੇ ਜਾਣਕਾਰੀ ਮਿਲਣੀ ਚਾਹੀਦੀ ਹੈ।

| ਰਕਮਾਂ ਜਾਂ ਫਾਇਦਿਆਂ ਬਾਰੇ ਜਾਣਕਾਰੀ (ਡਿਸਕਲੋਜ਼ਰ) ਕਦੋਂ ਮਿਲਣੀ ਚਾਹੀਦੀ ਹੈ | ਜਾਣਕਾਰੀ (ਡਿਸਕਲੋਜ਼ਰ) ਵਿੱਚ ਕੀ ਦੱਸਿਆ ਜਾਣਾ ਚਾਹੀਦਾ ਹੈ |
|---|---|
| **ਸਾਲ ਦੇ ਸ਼ੁਰੂ ਵਿੱਚ**<br>(ਤੁਹਾਡੇ ਸਰਵਿਸ ਦੇ ਇਕਰਾਰਨਾਮੇ ਅਤੇ/ਜਾਂ ਇਸ ਜਾਣਕਾਰੀ ਵਿੱਚ) | • ਅਨੁਮਾਨਿਤ ਰਕਮਾਂ ਜਾਂ ਫਾਇਦੇ |
| **ਸਾਰੇ ਸਾਲ ਵਿੱਚ ਵੱਖ ਵੱਖ ਸਮਿਆਂ 'ਤੇ**<br>(ਇਸ ਜਾਣਕਾਰੀ ਵਿੱਚ) | • ਉਨ੍ਹਾਂ ਨਵਿਆਂ ਫਾਇਦਿਆਂ ਬਾਰੇ ਜਿਨ੍ਹਾਂ ਬਾਰੇ ਪਹਿਲਾਂ ਅਨੁਮਾਨ ਨਹੀਂ ਲਾਇਆ ਗਿਆ ਸੀ<br>• ਅਨੁਮਾਨਿਤ ਫਾਇਦਿਆਂ ਵਿੱਚ ਨੋਟ ਕਰਨ ਵਾਲੀਆਂ ਤਬਦੀਲੀਆਂ<br>• ਅਸਲ ਵਿੱਚ ਮਿਲੀਆਂ ਰਕਮਾਂ ਜਾਂ ਫਾਇਦਿਆਂ ਵਿੱਚ ਤਬਦੀਲੀਆਂ, ਜਦੋਂ ਉਹ ਸਾਲ ਦੇ ਸ਼ੁਰੂ ਵਿੱਚ ਦੱਸੀਆਂ ਰਕਮਾਂ ਜਾਂ ਫਾਇਦਿਆਂ ਤੋਂ ਗੌਰ ਕਰਨ ਯੋਗ ਰੂਪ ਵਿੱਚ ਵੱਖਰੀਆਂ ਹੋਣ |
| **ਸਾਲ ਦੇ ਅੰਤ 'ਤੇ**<br>(ਇਸ ਜਾਣਕਾਰੀ ਵਿੱਚ) | • ਅਸਲ ਵਿੱਚ ਮਿਲੀਆਂ ਜਾਂ ਕਮਾਈਆਂ ਰਕਮਾਂ ਜਾਂ ਫਾਇਦੇ |



ਰੀਅਲ ਇਸਟੇਟ ਸੌਦਿਆਂ ਬਾਰੇ ਜਾਣਕਾਰੀ ਲੈਣ ਲਈ, ਸਾਨੂੰ ਕੋਈ ਸਵਾਲ ਪੁੱਛਣ ਲਈ, ਸ਼ਿਕਾਇਤ ਦਰਜ ਕਰਵਾਉਣ ਲਈ ਜਾਂ ਗੁਪਤ ਸੂਹ ਦੇਣ ਲਈ ਸਾਡੇ ਨਾਲ ਸੰਪਰਕ ਕਰੋ। 1 866 206 3030 | ਗੁਪਤ ਸੂਹ ਦੇਣ ਲਈ ਲਾਈਨ: 1 833 420 2400 | info@bcfsa.ca

You're Protected / bcfsa.ca

# ਸਟਰੈਟਾ ਕਾਰਪੋਰੇਸ਼ਨਾਂ ਲਈ ਰਕਮਾਂ ਅਤੇ ਫਾਇਦਿਆਂ ਨੂੰ ਦੱਸਣ ਬਾਰੇ ਜਾਣਕਾਰੀ

**ਸੇਵਾ-ਫਲ (ਰਕਮਾਂ ਅਤੇ ਫਾਇਦਿਆਂ) ਬਾਰੇ ਜਾਣਕਾਰੀ: ਸਟਰੈਟਾ ਮੈਨੇਜਮੈਂਟ ਦੀਆਂ ਸੇਵਾਵਾਂ ਲਈ**

| ਰਕਮਾਂ ਦੇ ਆਮ ਸ੍ਰੋਤ | ਫਾਇਦਿਆਂ ਦੇ ਆਮ ਸ੍ਰੋਤ |
|---|---|
| **ਸਟਰੈਟਾ ਮੈਨੇਜਰਾਂ ਅਤੇ ਪ੍ਰਬੰਧ ਕਰਨ ਵਾਲੀਆਂ ਕੰਪਨੀਆਂ (ਮੈਨੇਜਮੈਂਟ ਕੰਪਨੀਜ਼) ਨੂੰ ਹੇਠ ਲਿਖੀਆਂ ਚੀਜ਼ਾਂ ਲਈ ਰਕਮ ਮਿਲ ਸਕਦੀ ਹੈ:**<br>• ਸਟਰੈਟਾ ਕਾਰਪੋਰੇਸ਼ਨ ਨੂੰ ਸਰਵਿਸ ਦੇਣ ਵਾਲਿਆਂ ਦੀ ਸਿਫਾਰਿਸ਼ ਕਰਨ ਲਈ<br>• ਸਟਰੈਟਾ ਕਾਰਪੋਰੇਸ਼ਨ ਨੂੰ ਕਿਸੇ ਸਰਵਿਸ ਦੇਣ ਵਾਲੇ ਕੋਲ ਭੇਜਣ  ਲਈ<br>• ਫਾਰਮ ਬੀ ਅਤੇ ਫਾਰਮ ਐੱਫ* ਵਰਗੇ ਸਟਰੈਟਾ ਲਈ ਕਾਗਜ਼ ਪੱਤਰ ਅਤੇ ਉਨ੍ਹਾਂ ਨਾਲ ਸੰਬੰਧਿਤ ਰਸ਼ ਫੀਸਾਂ ਦੇਣ ਲਈ | **ਸਟਰੈਟਾ ਮੈਨੇਜਰਾਂ ਅਤੇ ਪ੍ਰਬੰਧ ਕਰਨ ਵਾਲੀਆਂ ਕੰਪਨੀਆਂ (ਮੈਨੇਜਮੈਂਟ ਕੰਪਨੀਜ਼) ਨੂੰ ਹੇਠ ਲਿਖੀਆਂ ਗੱਲਾਂ ਦੇ ਨਤੀਜੇ ਵੱਜੋਂ ਫਾਇਦੇ ਮਿਲ ਸਕਦੇ ਹਨ ਜਿਵੇਂ ਕਿ ਪੈਸੇ, ਤੋਹਫੇ ਜਾਂ ਪੁਆਇੰਟ:**<br>• ਸਟਰੈਟਾ ਕਾਰਪੋਰੇਸ਼ਨ ਲਈ ਸਰਵਿਸ ਦੇਣ ਵਾਲਿਆਂ ਨੂੰ ਹਾਇਰ ਕਰਨ ਲਈ<br>• ਸਟਰੈਟਾ ਕਾਰਪੋਰੇਸ਼ਨ ਦੇ ਨਾਂ 'ਤੇ ਇੰਸ਼ੋਰੈਂਸ ਖ਼੍ਰੀਦਣ ਲਈ ਜਾਂ ਕਿਸੇ ਵਿੱਤੀ ਸੰਸਥਾ ਵਿੱਚ ਪੈਸੇ ਜਮ੍ਹਾਂ ਕਰਾਉਣ ਲਈ |

* ਫਾਰਮ ਬੀ ਅਤੇ ਫਾਰਮ ਐੱਫ ਲਈ ਚਾਰਜ਼ ਕੀਤੀਆਂ ਜਾਣ ਵਾਲੀਆਂ ਰਕਮਾਂ ਸਟਰੈਟਾ ਪ੍ਰਾਪਰਟੀ ਐਕਟ ਦੇ ਨਿਯਮਾਂ ਰਾਹੀਂ ਤੈਅ ਕੀਤੀਆਂ ਜਾਂਦੀਆਂ ਹਨ ਅਤੇ ਉਨ੍ਹਾਂ ਦਾ ਹਿਸਾਬ ਲਾਉਣ ਦੇ ਢੰਗ ਬਾਰੇ ਸਟਰੈਟਾ ਮੈਨੇਜਮੈਂਟ ਕੰਪਨੀ ਨਾਲ ਤੁਹਾਡੇ ਸਰਵਿਸ ਐਗਰੀਮੈਂਟ ਵਿੱਚ ਦੱਸਿਆ ਗਿਆ ਹੋ ਸਕਦਾ ਹੈ।

ਸਰਵਿਸ ਦੇਣ ਵਾਲਿਆਂ ਨਾਲ ਸੰਬੰਧਾਂ ਦੇ ਨਾਲ ਨਾਲ ਮਿਲਣ ਵਾਲੀਆਂ ਰਕਮਾਂ ਜਾਂ ਫਾਇਦਿਆਂ ਦੀ ਕਿਸਮ ਅਤੇ ਮਾਤਰਾ ਬਾਰੇ ਤੁਹਾਨੂੰ ਪਹਿਲਾਂ ਦੱਸਣਾ ਜ਼ਰੂਰੀ ਹੈ ਤਾਂ ਕਿ ਸਰਵਿਸ ਦੇਣ ਵਾਲੇ ਦੀ ਚੋਣ ਕਰਨ ਤੋਂ ਪਹਿਲਾਂ ਜਾਂ ਖਰਚਾ ਕਰਨ ਜਾਂ ਖਰਚਾ ਕਰਨ ਦਾ ਇਖਤਿਆਰ ਦੇਣ ਤੋਂ ਪਹਿਲਾਂ ਸਟਰੈਟਾ ਕਾਰਪੋਰੇਸ਼ਨ ਕੋਲ ਪੂਰੀ ਮਾਇਕ ਜਾਣਕਾਰੀ ਹੋਵੇ।

ਸਟਰੈਟਾ ਦਾ ਪ੍ਰਬੰਧ ਕਰਨ ਵਾਲੀ ਕੰਪਨੀ (ਸਟਰੈਟਾ ਮੈਨੇਜਮੈਂਟ ਕੰਪਨੀ) ਅਤੇ ਸਟਰੈਟਾ ਮੈਨੇਜਰ ਲਈ ਜ਼ਰੂਰੀ ਹੈ ਕਿ ਉਹ ਸਟਰੈਟਾ ਕਾਰਪੋਰੇਸ਼ਨ ਨੂੰ ਦਿੱਤੀਆਂ ਜਾਣ ਵਾਲੀਆਂ ਰੀਅਲ ਇਸਟੇਟ ਦੀਆਂ ਸੇਵਾਵਾਂ ਦੇ ਸੰਬੰਧ ਵਿੱਚ ਸਾਰੀ ਉਪਲਬਧ ਮਾਇਕ ਜਾਣਕਾਰੀ ਤੁਹਾਨੂੰ ਦੇਵੇ। ਇਸ ਦੇ ਨਾਲ ਹੀ, ਇਹ ਜ਼ਰੂਰੀ ਹੈ ਕਿ ਸਟਰੈਟਾ ਮੈਨੇਜਮੈਂਟ ਕੰਪਨੀ ਅਤੇ ਸਟਰੈਟਾ ਮੈਨੇਜਰ ਹਿੱਤਾਂ ਦੇ ਟਕਰਾਅ ਬਾਰੇ ਦੱਸਣ ਦੇ ਆਪਣੇ ਫਰਜ਼ ਅਧੀਨ ਆਪਣੇ ਨਾਲ ਸੰਬੰਧਿਤ ਕਿਸੇ ਵੀ ਕਾਰਪੋਰੇਸ਼ਨ ਨੂੰ ਮਿਲੀ ਕਿਸੇ ਵੀ ਰਕਮ ਜਾਂ ਮਿਲੇ ਕਿਸੇ ਵੀ ਤਰ੍ਹਾਂ ਦੇ ਫਾਇਦਿਆਂ ਬਾਰੇ ਜਾਂ ਮਿਲਣ ਵਾਲੀ ਕਿਸੇ ਵੀ ਰਕਮ ਜਾਂ ਮਿਲਣ ਵਾਲੇ ਕਿਸੇ ਵੀ ਤਰ੍ਹਾਂ ਦੇ ਫਾਇਦਿਆਂ ਅਤੇ ਰੀਅਲ ਇਸਟੇਟ ਦੀਆਂ ਸੇਵਾਵਾਂ ਨਾਲ ਸੰਬੰਧਿਤ ਸਾਰੀ ਮਾਇਕ ਜਾਣਕਾਰੀ ਬਾਰੇ ਤੁਹਾਨੂੰ ਦੱਸੇ। ਇਹ ਜਾਣਕਾਰੀ ਇਸ ਫਾਰਮ ਤੋਂ ਬਾਹਰ ਦਿੱਤੀ ਜਾ ਸਕਦੀ ਹੈ।

**ਰੀਅਲ ਇਸਟੇਟ ਸਰਵਿਸਜ਼ ਰੂਲਜ਼ ਦੇ ਸੈਕਸ਼ਨ 56 ਅਤੇ 58 ਦੀ ਪਾਲਣਾ ਕਰਨ ਲਈ ਇਹ ਜਾਣਕਾਰੀ (ਡਿਸਕਲੋਜ਼ਰ) ਦੇਣੀ ਜ਼ਰੂਰੀ ਹੈ। ਇਕ ਰੀਅਲ ਇਸਟੇਟ ਪ੍ਰੋਫੈਸ਼ਨਲ ਨੂੰ ਇਸ ਜਾਣਕਾਰੀ (ਡਿਸਕਲੋਜ਼ਰ) ਦੇ ਨਾਲ ਨਾਲ ਸਟਰੈਟਾ ਕਾਰਪੋਰੇਸ਼ਨਾਂ ਲਈ ਰਕਮਾਂ ਅਤੇ ਫਾਇਦਿਆਂ ਨੂੰ ਦੱਸਣ ਬਾਰੇ ਜਾਣਕਾਰੀ ਨਾਂ ਦਾ ਜਾਣਕਾਰੀ ਵਾਲਾ ਸਫਾ ਤੁਹਾਨੂੰ ਦੇਣਾ ਚਾਹੀਦਾ ਹੈ।**

This disclosure is made to the strata council of: ______________________ For: ______________________
Strata Plan Number

By: ______________________
Strata Management Company

| Source and Description of Payments or Benefit | Actual or Anticipated Amount |
|---|---|
| | |
| | |
| | |
| | |
| | |
| | |
| | |



BCFSA BC Financial Services Authority / You're Protected bcfsa.ca

# ਸਟਰੈਟਾ ਕਾਰਪੋਰੇਸ਼ਨਾਂ ਲਈ ਰਕਮਾਂ ਅਤੇ ਫਾਇਦਿਆਂ ਨੂੰ ਦੱਸਣ ਬਾਰੇ ਜਾਣਕਾਰੀ

**ਸੇਵਾ-ਫਲ (ਰਕਮਾਂ ਅਤੇ ਫਾਇਦਿਆਂ) ਬਾਰੇ ਜਾਣਕਾਰੀ: ਸਟਰੈਟਾ ਮੈਨੇਜਮੈਂਟ ਦੀਆਂ ਸੇਵਾਵਾਂ ਲਈ**

An associate* of the strata manager or Strata Management Company will receive or anticipates receiving the following benefit(s):

| Name of associate (company or individual) | Source and Description of Benefitt | Actual or Anticipated Amount |
|---|---|---|
| | | |
| | | |
| | | |
| | | |
| | | |
| | | |
| | | |
| | | |

* Refer to section 51 of the Rules for a definition of associate.

## DISCLOSURE SUBMITTED BY:

Strata Manager

Strata Management Company (Brokerage)

Signature

Date

Section 83(1)(a) of the Rules requires a brokerage to maintain a copy of all written disclosures and any related acknowledgements under Part 5 Division 2 of the Rules.

## CONSUMER ACKNOWLEDGMENT:

**This is NOT a contract**

I/We acknowledge that I/we have received the **Payments and Benefits Disclosure Information for Strata Corporations** consumer information page and this disclosure form.

| | |
|---|---|
| Name | Name |
| Title | Title |
| Initials (optional) Date | Initials (optional) Date |



BCFSA BC Financial Services Authority / You're Protected bcfsa.ca